aglasem.com

FOR PUNJAB CLASS 10 PREPARATION

PSEB 10th Sample Paper 2027 PUNJABI (Paper A)

EXAM	YEAR	TYPE	SUBJECT
Punjab Class 10	2027	Sample Paper	Punjabi

ਸੈਸ਼ਨ: 2026-27

ਜਮਾਤ: ਦਸਵੀਂ **ਨਮੂਨਾ ਪ੍ਰਸ਼ਨ-ਪੱਤਰ** **ਪੰਜਾਬੀ (ਏ)**

ਸਮਾਂ : 3 ਘੰਟੇ **ਕੁੱਲ ਅੰਕ : 65**

ਭਾਗ-ਓ

1. ਵਸਤੂਨਿਸ਼ਠ ਪ੍ਰਸ਼ਨ: **1×4=4**

(ਓ) ਕਾਦਰਯਾਰ ਕਿਸ ਕਾਵਿ-ਧਾਰਾ ਦਾ ਕਵੀ ਹੈ? 1

(ਅ) ਲੇਖਕ ਜ਼ਿੰਦਗੀ ਦਾ ਅਸਲ ਸੋਨਾ ਕਿਸ ਨੂੰ ਕਹਿੰਦਾ ਹੈ? 1

(ਏ) 'ਅੰਗ-ਸੰਗ' ਕਹਾਣੀ ਕਿਸ ਕਹਾਣੀਕਾਰ ਦੁਆਰਾ ਲਿਖੀ ਹੋਈ ਹੈ? 1

(ਸ) 'ਇੱਕ ਹੋਰ ਨਵਾਂ ਸਾਲ' ਨਾਵਲ ਵਿੱਚ ਤਾਰੋ ਫੁੰਮਣ ਨੂੰ ਕੀ ਬਣਾਉਣਾ ਚਾਹੁੰਦੀ ਸੀ? 1

ਭਾਗ-ਅ

ਬਹੁ-ਚੋਣਵੇਂ ਪ੍ਰਸ਼ਨ: **1×4=4**

(ਓ) 'ਰਬਾਬ ਮੰਗਾਉਨ ਦਾ ਵਿਰਤਾਂਤ' ਨਿੰਬਧ ਦਾ ਲੇਖਕ ਕੌਣ ਹੈ?

ੳ. ਪ੍ਰਿੰ. ਤੇਜਾ ਸਿੰਘ ਅ. ਗਿਆਨੀ ਦਿੱਤ ਸਿੰਘ

ੲ. ਡਾ. ਬਲਬੀਰ ਸਿੰਘ ਸ. ਗੁਰਬਖ਼ਸ਼ ਸਿੰਘ

(ਅ) 'ਕੁਲਫ਼ੀ' ਕਹਾਣੀ ਵਿੱਚ ਕੌਣ ਆਪਣੇ-ਆਪ ਨੂੰ ਕਾਇਰ ਦੱਸਦਾ ਹੈ?

ੳ. ਸ਼ਾਹਾਂ ਦਾ ਮੁੰਡਾ ਅ. ਕਾਕਾ

ੲ. ਲੇਖਕ ਸ. ਕੁਲਫ਼ੀ ਵਾਲ਼ਾ

(ਏ) 'ਨਾਇਕ' ਇਕਾਂਗੀ ਵਿੱਚ ਪਿਤਾ ਕਿੰਨੇ ਰੂਪਾਂ ਵਿੱਚ ਪੇਸ਼ ਹੁੰਦਾ ਹੈ?

ੳ. ਇੱਕ ਅ. ਦੋ

ੲ. ਤਿੰਨ ਸ. ਚਾਰ

(ਸ) 'ਇੱਕ ਹੋਰ ਨਵਾਂ ਸਾਲ' ਨਾਵਲ ਦਾ ਮੁੱਖ ਪਾਤਰ ਕੌਣ ਹੈ?

ੳ. ਬੰਤਾ ਅ. ਤਾਰੋ

ੲ. ਫੁੰਮਣ ਸ. ਮਹੇਸ਼ੀ

ਭਾਗ-ਏ

ਠੀਕ ਜਾਂ ਗ਼ਲਤ: **1×4=4**

(ਓ) ਗੁਰੂ ਅਮਰਦਾਸ ਜੀ ਨੇ ਬਾਣੀ 19 ਰਾਗਾਂ ਵਿੱਚ ਰਚੀ। ( )

(ਅ) ਜਵਾਨੀ ਵਿੱਚ ਮਨ 'ਤੇ ਉਕਰੇ ਲਫ਼ਜ਼ ਸਾਨੂੰ ਭੁੱਲਦੇ ਨਹੀਂ। ( )

(ਏ) ਅਮਰੀਕ ਸਿੰਘ ਦੇ ਮਾਸਟਰ ਦਾ ਨਾਂ ਦੇਸ ਰਾਜ ਸੀ। ( )

(ਸ) ਬੰਤਾ ਇਨਸਾਨ ਦੀ ਜ਼ਿੰਦਗੀ ਵਿੱਚ ਸਿਹਤ ਨੂੰ ਜ਼ਰੂਰੀ ਸਮਝਦਾ ਹੈ। ( )

ਭਾਗ-ਸ

ਖ਼ਾਲੀ ਥਾਂਵਾਂ ਭਰੋ: **1×4=4**

(ਓ) ..... ਸੱਭਿਆਚਾਰ ਨਿਰੰਤਰ ਵਹਿਣ ਵਿੱਚ ਪਿਆ ਰਹਿਣ ਵਾਲ਼ਾ ਸੱਭਿਆਚਾਰ ਹੈ।

(ਅ) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ..... ਦੇਸ ਨਾਲ਼ ਲੜਾਈ ਦਾ ਜ਼ਿਕਰ ਹੈ।

(ਏ) ਸੰਤ ਸਿੰਘ ਸੇਖੋਂ ਦਾ ਇਕਾਂਗੀ 'ਦੂਜਾ ਵਿਆਹ' ..... ਦਾ ਪ੍ਰਭਾਵਸ਼ਾਲੀ ਚਿੱਤਰ ਪੇਸ਼ ਕਰਦਾ ਹੈ।

(ਸ) ਬੰਤਾ ਸਵੇਰੇ-ਸਵੇਰੇ ਸਟੇਸ਼ਨ 'ਤੇ ..... ਕਰਨ ਜਾਂਦਾ ਸੀ।

2. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਗ-ਪਗ 150 ਸ਼ਬਦਾਂ ਵਿੱਚ ਲਿਖੋ:

ੳ. ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥

ਜਾਂ

ਅ. ਫਰੀਦਾ ਜੋ ਤੈ ਮਾਰਨਿ ਮੁਕੀਆਂ,
ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ,
ਪੈਰ ਤਿਨ੍ਹਾ ਦੇ ਚੁੰਮਿ॥

ਜਾਂ

ਏ. ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਦਸ਼ਾਹੀ ਫ਼ੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖ਼ਾਲਸੇ ਨੇ ਤੇਗਾਂ ਮਾਰੀਆਂ ਨੀ।
ਘੋੜੇ ਆਦਮੀ ਗੋਲ਼ਿਆਂ ਨਾਲ਼ ਉੱਡਣ,
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਜਾਂ

ਸ. ਲਾਮ ਲਈ ਅਵਾਜ਼ ਪਛਾਣ ਮਾਤਾ,
ਸੱਚ ਆਖ ਬੇਟਾ ਕਿੱਥੋਂ ਆਇਆ ਹੈਂ?
ਕਿਹੜਾ ਮੁਲਖ ਤੇਰਾ ਕੈਂਧਾ ਪੁੱਤ ਹੈਂ ਤੂੰ,
ਕਿਹੜੀ ਮਾਇ ਕਰਮਾਂ ਵਾਲ਼ੀ ਜਾਇਆ ਹੈਂ?
ਅੱਖੀਂ ਦਿਸੇ ਤਾਂ ਸੂਰਤੋਂ ਲੱਭ ਲਵਾਂ,

ਪੰਜਾਬ ਸਕੂਲ ਸਿੱਖਿਆ ਬੋਰਡ

ਬੋਲੀ ਵੱਲੋਂ ਤਾਂ ਪੁੱਤਰ ਪਰਤਾਇਆ ਹੈਂ।
ਕਾਦਰਯਾਰ ਆਖੇ ਦੱਸ ਭੇਤ ਮੈਨੂੰ,
ਜਾਂ ਮੈਂ ਭੁੱਲੀ ਜਾਂ ਰੱਬ ਮਿਲਾਇਆ ਹੈ।

2+3+2+3=10

3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ *ਇੱਕ* ਦਾ ਕੇਂਦਰੀ ਭਾਵ ਲਗ-ਪਗ 40 ਸ਼ਬਦਾਂ ਵਿੱਚ ਲਿਖੋ:

(ੳ) ਮੇਰਾ ਮਨ ਲੋਚੈ ਗੁਰਦਰਸਨ ਤਾਈ (ਗੁਰੂ ਅਰਜਨ ਦੇਵ ਜੀ)

(ਅ) ਬੁਲ੍ਹਾ ਕੀ ਜਾਣਾ ਮੈਂ ਕੌਣ (ਬੁੱਲ੍ਹੇ ਸ਼ਾਹ) **4**

4. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ *ਇੱਕ* ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:

(ੳ) ਘਰ ਦਾ ਪਿਆਰ (ਪ੍ਰਿੰ. ਤੇਜਾ ਸਿੰਘ)

(ਅ) ਤੁਰਨ ਦਾ ਹੁਨਰ (ਡਾ. ਨਰਿੰਦਰ ਸਿੰਘ ਕਪੂਰ) ***5***

5. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ *ਦੋ* ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ:

(ੳ) ਮਰਦਾਨਾ ਜਦੋਂ ਪਹਿਲੀ ਵਾਰ ਰਬਾਬ ਲੈਣ ਨਗਰ ਵਿੱਚ ਗਿਆ ਤਾਂ ਲੋਕਾਂ ਨੇ ਉਸ ਨਾਲ਼ ਕੀ ਵਿਹਾਰ ਕੀਤਾ? 3

(ਅ) "ਲਫ਼ਜ਼ ਵੀ ਦਿਲ ਦੀ ਦੌਲਤ ਦੀਆਂ ਮੁਹਰਾਂ ਹੁੰਦੇ ਹਨ," ਕਥਨ ਦੀ ਵਿਆਖਿਆ ਕਰੋ। 3

(ਇ) ਕਾਲੀਦਾਸ ਕੌਣ ਸੀ? ਉਸ ਨੂੰ ਏਨੀ ਪ੍ਰਸਿੱਧੀ ਕਿਉਂ ਮਿਲ਼ੀ? 3

(ਸ) ਲੇਖਕ ਅਨੁਸਾਰ ਪੈਦਲ ਤੁਰਿਆਂ ਮਨੁੱਖ ਕੁਦਰਤ ਦੇ ਵਧੇਰੇ ਨੇੜੇ ਕਿਵੇਂ ਹੋ ਜਾਂਦਾ ਹੈ? 3

3+3=6

6. ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ *ਇੱਕ* ਦਾ ਸਾਰ ਲਗ-ਪਗ 150 ਸ਼ਬਦਾਂ ਵਿੱਚ ਲਿਖੋ:

(ੳ) ਕੁਲਫ਼ੀ (ਸੁਜਾਨ ਸਿੰਘ)

(ਅ) ਬਾਗ਼ੀ ਦੀ ਧੀ (ਗੁਰਮੁਖ ਸਿੰਘ ਮੁਸਾਫ਼ਿਰ) ***5***

7. ਕਹਾਣੀਆਂ ਦੇ ਆਧਾਰ 'ਤੇ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ *ਦੋ* ਦੇ ਉੱਤਰ ਲਿਖੋ:

(ੳ) ਸੁਸਾਇਟੀ ਦੇ ਇਨਸਪੈੱਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ ਅਤੇ ਕਿਉਂ? 3

(ਅ) ਮਹਾਰਾਣੀ ਦੇ ਸੰਪਰਕ ਵਿੱਚ ਆਉਣ ਨਾਲ਼ ਬੰਮ ਦੇ ਵਤੀਰੇ ਵਿੱਚ ਕੀ ਤਬਦੀਲੀ ਆਈ? 3

(ਇ) ਵੀਰਾਂ ਵਾਲੀ ਦੀ ਮੌਤ ਦਾ ਕੀ ਕਾਰਨ ਸੀ? 3

(ਸ) ਡਾਕੀਏ ਨੂੰ ਦੇਖ ਕੇ ਕਰਮ ਸਿੰਘ ਦੇ ਬਾਪੂ ਦੇ ਮਨ ਵਿੱਚ ਕੀ ਵਿਚਾਰ ਆਏ? 3

3+3=6

8. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ *ਇੱਕ* ਪਾਤਰ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ:

(ੳ) ਪੁੱਤਰ (ਇਕਾਂਗੀ : ਨਾਇਕ)

(ਅ) ਮਨਜੀਤ (ਇਕਾਂਗੀ : ਦੂਜਾ ਵਿਆਹ) **5**

9. ਹੇਠ ਲਿਖੀਆਂ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ:

(ੳ) "ਹਾਂ, ਜਿਵੇਂ ਸਕੂਲ ਵਿੱਚ ਸਾਡਾ ਡ੍ਰਿਲ ਮਾਸਟਰ ਮਾਰਦਾ ਸੀ। ਮੈਂ ਮੁਜਰਮ ਨੂੰ ਪਿਆਰ-ਪੁਚਕਾਰ ਕੇ ਗੱਲ ਪੁੱਛਦਾ ਹਾਂ- ਤੇ ਫਿਰ ਜਦ ਉਹ ਸੋਚਦਾ ਏ ਕਿ ਮੈਂ ਉਸ ਨੂੰ ਕੁਝ ਨਹੀਂ ਕਹਿਣਾ ਤਾਂ ਮੈਂ ਇੱਕੋ ਦਮ ਤਾਬੜਤੋੜ ਖੋਂਸੜੀਂ ਡਹਿ ਜਾਨਾਂ ਵਾਂ। ਰੂੜ ਸਿੰਘ ਤੇ ਬੂੜ ਸਿੰਘ ਮੈਂ ਇਸੇ ਲਈ ਨਾਲ਼ ਰੱਖੇ ਨੇ। ਉਹ ਇਸ ਤਰ੍ਹਾਂ ਦੀ ਕੁਟਾਈ ਵਿੱਚ ਅੱਵਲ ਹਨ।ਉਹਨਾਂ ਮੇਰੇ ਤੋਂ ਇੱਕ ਵਾਰੀ ਇਨਾਮ ਵੀ ਲਿਆ ਸੀ ਪਰ ਨੰਗੀ ਕੰਡ ਦੀ ਚੰਡਾਈ ਮੈਂ ਆਪ ਕਰਦਾ ਹਾਂ। ਬੱਸ ਬੈਂਤ ਭਿਉਂ-ਭਿਉਂ ਕੇ ਮਾਰਦਾ ਹਾਂ, ਖੱਲੜੀ ਉੱਧੜ ਜਾਂਦੀ ਏ ਤੇ ਵੱਡੇ ਤੋਂ ਵੱਡਾ ਡਾਕੂ ਬਕ ਪੈਂਦਾ ਏ।"

ਪ੍ਰਸ਼ਨ:

(i) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਲਏ ਗਏ ਹਨ? 1

(ii) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ? 1

(iii) ਰੂੜ ਸਿੰਘ ਤੇ ਬੂੜ ਸਿੰਘ ਨੂੰ ਕਿਸ ਗੱਲ ਲਈ ਇਨਾਮ ਮਿਲ਼ਿਆ ਸੀ? 1

ਜਾਂ

(ਅ) "ਮੇਰਾ ਵੀ ਇਹੋ ਖ਼ਿਆਲ ਹੈ। ਖ਼ਾਸ ਕਾਸਦ ਨੂੰ ਭੇਜ ਕੇ ਗੁਰੂ ਨੂੰ ਸੁਲ੍ਹਾ-ਸਫ਼ਾਈ ਲਈ ਇੱਥੇ ਬੁਲਾਂਦਾ ਹਾਂ। ਉਹਨਾਂ ਦੀ ਹਿਫ਼ਾਜ਼ਤ ਦਾ ਖ਼ਾਤਰ-ਖ਼ਵਾਹ ਇੰਤਜ਼ਾਮ ਕਰਦਾ ਹਾਂ। ਜਾਓ, ਮੀਰ ਮੁਨਸ਼ੀ ਔਰ ਦਯਾ ਸਿੰਘ ਨੂੰ ਦਰਬਾਰੇ-ਖ਼ਾਸ ਵਿੱਚ ਹਾਜ਼ਰ ਕਰੋ। ਮੈਂ ਤਿਆਰ ਹੋ ਕੇ ਜਲਦੀ ਆਉਂਦਾ ਹਾਂ।"

ਪ੍ਰਸ਼ਨ:

(i) ਇਹ ਵਾਰਤਾਲਾਪ ਕਿਹੜੇ ਇਕਾਂਗੀ ਦੀ ਹੈ? 1

(ii) ਦਰਬਾਰੇ-ਖ਼ਾਸ ਵਿੱਚ ਕਿਨ੍ਹਾਂ ਨੂੰ ਹਾਜ਼ਰ ਹੋਣ ਲਈ ਕਿਹਾ ਗਿਆ ਹੈ? 1

(iii) ਇਹ ਸ਼ਬਦ ਕੌਣ, ਕਿਸ ਨੂੰ ਆਖਦਾ ਹੈ? 1

1+1+1=3

10. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ *ਇੱਕ* ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ:

(ੳ) ਬੰਤਾ

(ਅ) ਫੁੰਮਣ **5**